# ਰੇਬੀਜ਼ ਜਾਂ ਜਲ-ਆਤੰਕ (rabies) ਦੇ ਟੀਕੇ

ਰੇਬੀਜ਼ ਦੇ ਟੀਕੇ ਉਨ੍ਹਾਂ ਲੋਕਾਂ ਦੇ ਬਚਾਓ ਲਈ ਹਨ ਜਿਨ੍ਹਾਂ ਨੂੰ ਕੋਈ ਰੇਬੀਜ਼ ਵਾਲਾ ਜਾਨਵਰ ਚੱਟ, ਖਰੋਂਚ ਜਾਂ ਵੱਢ ਲੈਂਦਾ ਹੈ।

## ਰੇਬੀਜ਼ ਕੀ ਹੈ?
ਇਹ ਇਕ ਬੜੀ ਗੰਭੀਰ ਬਿਮਾਰੀ ਹੈ। ਜੇ ਕੋਈ ਰੇਬੀਜ਼ ਦੀ ਬਿਮਾਰੀ ਵਾਲਾ ਜਾਨਵਰ ਕਿਸੇ ਵਿਅਕਤੀ ਨੂੰ ਵੱਢ ਦੇਵੇ ਅਤੇ ਉਸ ਵਿਅਕਤੀ ਦਾ ਇਲਾਜ ਨਾਂਹ ਕਰਵਾਇਆ ਜਾਵੇ ਤਾਂ ਉਸ ਦੀ ਮੌਤ ਹੋ ਸਕਦੀ ਹੈ। ਇਸ ਬਿਮਾਰੀ ਨਾਲ ਸਾਹ ਦੀ ਤਕਲੀਫ ਹੋ ਜਾਂਦੀ ਹੈ, ਦੌਰੇ ਪੈਂਦੇ ਹਨ ਅਤੇ ਬੇਸਮਝੀ ਦੀ ਹਾਲਤ ਹੋ ਜਾਂਦੀ ਹੈ। ਇਹ ਸਭ ਨਿਸ਼ਾਨੀਆਂ ਹੋ ਸਕਦਾ ਹੈ ਕਿ ੨ ਤੋਂ ੮ ਹਫਤੇ ਤਕ ਨਜ਼ਰ ਨਾਂਹ ਆਉਣ। ਪਰ ਉਸ ਤੋਂ ਬਾਦ ਇਸ ਬਿਮਾਰੀ ਦਾ ਕੋਈ ਇਲਾਜ ਨਹੀਂ ਹੋ ਸਕਦਾ ਅਤੇ ਬੰਦੇ ਦੀ ਮੌਤ ਹੋ ਜਾਂਦੀ ਹੈ।

## ਕੀ ਰੇਬੀਜ਼ ਦੇ ਟੀਕੇ ਤੁਹਾਡਾ ਬਚਾਓ ਕਰਦੇ ਹਨ?
ਜੀ ਹਾਂ। ਇਹ ਟੀਕੇ ਤੁਹਾਡਾ ਬਚਾਓ ਕਰਦੇ ਹਨ ਜੇਕਰ ਤੁਸੀਂ ਪੂਰੇ ਟੀਕੇ ਲਗਵਾਓ। ਆਮ-ਤੌਰ ਤੇ ਪੰਜ ਟੀਕੇ ਇਕ ਮਹੀਨੇ ਦੇ ਸਮੇਂ ਅੰਦਰ ਲਗਾਏ ਜਾਂਦੇ ਹਨ। ਇਹ ਟੀਕੇ ਬਾਂਹ ਵਿਚ ਲਗਾਏ ਜਾਂਦੇ ਹਨ।

## ਰੇਬੀਜ਼ ਦੇ ਟੀਕੇ ਕਿਸ ਨੂੰ ਲਗਵਾਣੇ ਚਾਹੀਦੇ ਹਨ?
ਜਿਸ ਵਿਅਕਤੀ ਨੂੰ ਕਿਸੇ ਅਜੇਹੇ ਜਾਨਵਰ, ਜਿਸ ਨੂੰ ਰੇਬੀਜ਼ ਹੋਣ ਦਾ ਸ਼ੱਕ ਹੈ, ਨੇ ਜਖਮੀ ਕੀਤਾ ਹੈ, ਕਿਸੇ ਜਖਮ ਉਤੇ ਚੱਟ ਲਿਆ ਹੈ ਜਾਂ ਵੱਢ ਲਿਆ ਹੈ, ਉਸ ਨੂੰ ਇਹ ਟੀਕੇ ਜ਼ਰੂਰ ਲਗਵਾਣੇ ਚਾਹੀਦੇ ਹਨ।

## ਰੇਬੀਜ਼ ਦੇ ਟੀਕੇ ਕਦੋਂ ਲਗਵਾਣੇ ਚਾਹੀਦੇ ਹਨ?
ਕਿਸੇ ਅਜੇਹੇ ਜਾਨਵਰ, ਜਿਸ ਨੂੰ ਰੇਬੀਜ਼ ਦੀ ਬਿਮਾਰੀ ਹੈ, ਨਾਲ ਜਦੋਂ ਕਿਸੇ ਬੰਦੇ ਦਾ ਸੰਪਰਕ ਹੁੰਦਾ ਹੈ ਤਾਂ ਜਿਨ੍ਹੀ ਜਲਦੀ ਹੋ ਸਕੇ ਇਹ ਟੀਕੇ ਲਗਵਾਣੇ ਸ਼ੁਰੂ ਕਰ ਦੇਣੇ ਚਾਹੀਦੇ ਹਨ। ਇਸ ਵਿਚ ਗਰਭਵਤੀ ਔਰਤਾਂ ਅਤੇ ਬਾਲਕ ਵੀ ਸ਼ਾਮਿਲ ਹਨ।

## ਕੀ ਰੇਬੀਜ਼ ਦੇ ਟੀਕੇ ਸੁਰੱਖਿਅਤ ਹਨ?
ਜੀ ਹਾਂ। ਕੁਛ ਲੋਕਾਂ ਨੂੰ ਟੀਕੇ ਵਾਲੀ ਥਾਂ ਤੇ ਸੋਜ, ਲਾਲੀ, ਖਾਰਿਸ਼ ਅਤੇ ਦਰਦ ਹੋ ਸਕਦੀ ਹੈ, ਜੋ ਕੁਛ ਦਿਨ ਰਹਿੰਦੀ ਹੈ। ਹੋਰ ਕੁਛ ਲੋਕਾਂ ਨੂੰ ਸਿਰਦਰਦ, ਭੁੱਖ ਨਾਂਹ ਲਗਣਾ, ਪੇਟ ਦਰਦ, ਮਾਸਪੇਸ਼ੀਆਂ ਵਿਚ ਦਰਦ ਅਤੇ ਚੱਕਰ ਆਂਦੇ ਹਨ। ਆਮ-ਤੌਰ ਤੇ ਇਸ ਦਾ ਕੋਈ ਗੰਭੀਰ ਅਸਰ ਨਹੀਂ ਹੁੰਦਾ। **ਕਿਸੇ ਵੀ ਦਵਾਈ ਦੇ ਲਾਭ ਅਤੇ ਨੁਕਸਾਨ ਕੀ ਹਨ, ਇਸ ਬਾਰੇ ਆਪਣੇ ਡਾਕਟਰ ਨਾਲ ਸਲਾਹ ਕਰੋ।**

## ਮੈਂ ਆਪਣੇ ਡਾਕਟਰ ਨਾਲ ਕਦੋਂ ਸੰਪਰਕ ਕਰਾਂ?
ਜੇਕਰ ਟੀਕਾ ਲਗਵਾਉਣ ਤੋਂ ਬਾਦ ਤਿੰਨ ਹਫਤੇ ਦੇ ਵਿਚ ਤੁਹਾਨੂੰ ਹੇਠ ਲਿਖੇ ਵਿੱਚੋਂ ਕੋਈ ਅਸਰ ਰਹਿੰਦਾ ਹੈ, ਤਾਂ ਤੁਸੀਂ ਆਪਣੇ ਡਾਕਟਰ ਨਾਲ ਸੰਪਰਕ ਕਰੋ:

- ਖ਼ਾਰਿਸ਼ ਨਾਲ ਲਾਲੀ ਜਾਂ ਛਪਾਕੀ
- ਉਲਟੀਆਂ
- ਤੇਜ਼ ਬੁਖ਼ਾਰ
- ਮਾਸਪੇਸ਼ੀਆਂ ਵਿਚ ਆਕੜ ਜਾਂ ਦੌਰੇ ਪੈਣਾ
- ਕੋਈ ਹੋਰ ਗੰਭੀਰ ਸਮੱਸਿਆ।

## ਰੇਬੀਜ਼ ਦੇ ਟੀਕੇ ਕਿਸ ਨੂੰ ਨਹੀਂ ਲਗਵਾਣੇ ਚਾਹੀਦੇ?
ਜੇਕਰ ਰੇਬੀਜ਼ ਦਾ ਖਤਰਾ ਹੋਵੇ ਤਾਂ ਸਭ ਨੂੰ ਇਹ ਟੀਕੇ ਲਗਵਾਣੇ ਚਾਹੀਦੇ ਹਨ।

## ਜੇ ਮੈਨੂੰ ਕੁਛ ਹੋਰ ਜਾਣਕਾਰੀ ਚਾਹੀਦੀ ਹੋਵੇ ਤਾਂ ਮੈਨੂੰ ਕਿਸ ਨਾਲ ਗਲ ਕਰਨੀ ਚਾਹੀਦੀ ਹੈ?
ਆਪਣੇ ਪਰਿਵਾਰਿਕ ਡਾਕਟਰ ਜਾਂ ਸਥਾਨਕ ਸੇਹਤ ਸੇਵਾ ਕੇਂਦਰ ਨਾਲ ਸੰਪਰਕ ਕਰਕੇ ਵਧੇਰੇ ਜਾਣਕਾਰੀ ਲਓ।

## ਇਨ੍ਹਾਂ ਟੀਕਿਆਂ ਦਾ ਰਿਕਾਰਡ
ਬਿਮਾਰੀਆਂ ਦੀ ਰੋਕਥਾਮ ਲਈ ਲਗਦੇ ਟੀਕਿਆਂ ਦਾ ਰਿਕਾਰਡ ਰਖਣ ਲਈ ਇਕ “ਪੀਲਾ ਕਾਰਡ” (Immunization Record Card) ਹੁੰਦਾ ਹੈ। ਜਦੋਂ ਵੀ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਕੋਈ ਨਵਾਂ ਟੀਕਾ ਲਗਦਾ ਹੈ ਤਾਂ ਉਹ ਇਸ ਕਾਰਡ ਤੇ ਦਰਜ ਕਰ ਦੇਣਾ ਚਾਹੀਦਾ ਹੈ, ਆਪਣੇ ਡਾਕਟਰ ਤੋਂ ਇਹ ਜ਼ਰੂਰ ਕਰਵਾਉ। ਇਸ ਨੂੰ ਕਿਸੇ ਸੁਰੱਖਿਅਤ ਸਥਾਨ ਤੇ ਸੰਭਾਲ ਕੇ ਰਖੋ!